੦੧੩

ਗੁਰਪ੍ਰਸਾਦਿ

(ਲੇਖਕ: ਬਲਵਿੰਦਰ ਸਿੰਘ)

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਰੰਭ "੧" (ਇੱਕ) ਤੋਂ ਹੁੰਦਾ ਹੈ। ਵਾਹਿਗੁਰੂ ਦਾ ਮੂਲ ਰੂਪ "ਇੱਕ" ਅਣਵੰਡਿਆ ਇੱਕ ਹੈ। ੧ਓ ਗੁਰੂ ਨਾਨਕ ਦੇਵ ਜੀ ਨੇ ਬਖ਼ਸ਼ਿਸ਼ ਕਰਕੇ ਸੰਸਾਰ ਨੂੰ ਇੱਕ ਬਿਲਕੁਲ ਨਵਾਂ ਨਵੀਨਤਮ ਸਿਧਾਂਤ ਦਿੱਤਾ ਹੈ। ਗੁਰਮਤਿ ਨਿਰਾਲੀ, ਵਿਲੱਖਣ ਤੇ ਨਿਵੇਕਲੀ ਹੈ। ੧ਓ ਦੀ ਵਿਆਖਿਆ ਅੱਗੋਂ ਉਸਦੇ ਸਤਿਗੁਣ ਅੰਕਿਤ ਕਰ ਕੇ ਕੀਤੀ ਹੈ। ਇਸ ਉਪਰੰਤ ਗੁਰ ਪ੍ਰਸਾਦਿ ਲਿਖਿਆ ਹੈ। ਭਾਵ ਇਹ ਕਿ ੧ਓ ਨਿਰੰਕਾਰ ਦੀ ਵਾਕਫ਼ੀਅਤ ਗੁਰ ਪ੍ਰਸਾਦਿ ਨਾਲ ਸਹਿਜ, ਸਹਿਲ ਤੇ ਸੰਭਵ ਹੈ। ਇਸ ਲਈ ਗੁਰ ਪ੍ਰਸਾਦਿ ਨੂੰ ਭਲੀ ਪ੍ਰਕਾਰ ਸਮਝਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਆਪਣਾ ਹੀ ਹੁਕਮ ਹੈ ਕਿ ਵਾਹਿਗੁਰੂ ਦੀ ਪ੍ਰਾਪਤੀ 'ਗੁਰਪ੍ਰਸਾਦਿ' ਨਾਲ ਹੀ ਹੋ ਸਕਦੀ ਹੈ। ਆਪ ਜੀ ਫੁਰਮਾਂਦੇ ਹਨ ਕਿ ਗੁਰੂ ਐਸੀ ਕ੍ਰਿਪਾ ਕਰਦਾ ਹੈ ਕਿ ਉਹ ਆਤਮਾ ਨੂੰ ਕੂਲਾ ਕਰ ਦਿੰਦਾ ਹੈ। ਕਠੋਰਤਾ ਦੂਰ ਕਰ ਕੇ ਆਤਮਾ ਨੂੰ ਦ੍ਰਵਿਤ ਕਰ ਕੇ ਪ੍ਰਮਾਤਮਾ ਨਾਲ ਜੋੜ ਕੇ ਇਕ-ਮਿਕ ਕਰ ਦਿੰਦਾ ਹੈ।

- ਗੁਰ ਪਰਸਾਦੀ ਪਾਇਆ॥ ਤਿਥੈ ਮਾਇਆ ਮੋਹੁ ਚੁਕਾਇਆ॥
ਕਿਰਪਾ ਕਰਿ ਕੈ ਆਪਣੀ ਆਪੇ ਲਏ ਸਮਾਇ ਜੀਉ॥ (੭੩)

ਵਾਹਿਗੁਰੂ ਦੀ ਪ੍ਰਾਪਤੀ ਲਈ ਰੁਕਾਵਟ ਮਾਇਆ ਹੈ। ਗੁਰੂ ਕ੍ਰਿਪਾ ਕਰ ਕੇ ਮਾਇਆ ਦਾ ਭਉ ਭਰਮ ਮੁਕਾ ਦਿੰਦਾ ਹੈ। ਮਾਇਆ-ਜਾਲ ਵਿੱਚ ਪੈਣ ਹੀ ਨਹੀਂ ਦਿੰਦਾ। ਇਹ ਮਹਾਨ ਪ੍ਰਾਪਤੀ ਗੁਰੂ ਦੀ ਕ੍ਰਿਪਾ ਨਾਲ ਹੀ ਹੁੰਦੀ ਹੈ। ਗੁਰੂ ਨੇ ਇਹ ਵੀ ਭਰਮ ਕੱਢ ਦਿੱਤਾ ਹੈ ਕਿ ਕਿਸੇ ਗੋਪੀ ਜਾਂ ਕਿਸੇ ਗੁਆਲੇ ਨੇ ਅਕਾਲ ਪੁਰਖ ਦੀ ਪ੍ਰਾਪਤੀ ਸੰਭਵ ਬਣਾਈ:

- ਗੋਪੀ ਨੈ ਗੋਆਲੀਆ॥ ਤੁਧੁ ਆਪੇ ਗੋਇ ਉਠਾਲੀਆ॥
ਹੁਕਮੀ ਭਾਂਡੇ ਸਾਜਿਆ ਤੂੰ ਆਪੇ ਭੰਨਿ ਸਵਾਰਿ ਜੀਉ॥ (੭੩)

ਸਭ ਕੁੱਝ ਕਰਨਕਾਰਨ ਸਮਰੱਥ ਗੁਰੂ ਹੀ ਹੈ। ਉਸੇ ਨੇ ਧਰਤੀ ਤੇ ਸਾਰੇ ਬ੍ਰਹਿਮੰਡ ਨੂੰ ਆਪਣੀ ਕ੍ਰਿਪਾ ਕਰਕੇ ਸੰਭਾਲਿਆ ਹੋਇਆ ਹੈ। ਕਿਸੇ ਦੀ ਟੇਕ ਜਾਂ ਥੰਮ੍ਹੀ ਨਾਲ ਇਹ ਧਰਤੀ ਨਹੀਂ ਖਲੋਤੀ ਹੋਈ। ਗੋਰਖ ਵੀ ਇਹ ਆਪ ਹੀ ਹੈ, ਜਿਸ ਨੇ "ਗੋਇ ਉਠਾਲੀ" ਹੋਈ ਹੈ। ਉਸੇ ਗੁਰੂ ਦੇ ਪ੍ਰਸਾਦਿ ਨਾਲ ਹੀ ਉਸ ਦੇ ਗੁਣ ਜਾਣੇ-ਪਛਾਣੇ, ਮੰਨੇ ਤੇ ਮਾਣੇ ਜਾ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਭਾਰਤ ਦੇ ਸਾਰੇ ਮਿਥਿਹਾਸ, ਵੇਦਾਂ, ਪੁਰਾਣਾਂ ਦੇ ਵਿੱਚ ਆਏ ਦੇਵੀ ਦੇਵਤਿਆਂ ਦੇ ਹਵਾਲੇ, ਸਤਿਜੁਗ ਤੇ ਸਤਿਜੁਗ ਤੋਂ ਬਾਅਦ ਦੇ ਤਰੇਤੇ ਜੁੱਗ ਤੋਂ ਪਹਿਲਾਂ ਤੇ ਬਾਅਦ ਦੇ ਦੇਵੀ ਦੇਵਤੇ, ਦੁਆਪਰ ਦੇ ਪਹਿਲੋਂ ਤੇ ਬਾਅਦ ਦੇ ਦੇਵੀ ਦੇਵਤੇ, ਸਵਰਗਾਂ ਦੇ ਰਾਜੇ ਇੰਦਰ ਅਤੇ ਹੋਰਨਾਂ ਸਭਨਾਂ ਦਾ ਸਾਰ-ਵਿਸਥਾਰ ਜ਼ਿਕਰ ਕਰਦੇ ਹਨ। ਰਾਜਾ ਇੰਦਰ, ਪਰਸਰਾਮ, ਅਜੈ, ਰਾਮਚੰਦਰ, ਸੀਤਾ, ਲਛਮਣ, ਰਾਵਣ, ਪੰਜੇ ਪਾਂਡਵ ਭਰਾ, ਜਨਮੇਜਾ, ਸਾਰੇ ਸੇਖ ਮਸਾਇਕ ਆਦਿ ਰੋ ਰਹੇ ਹਨ। ਕਾਰਣ ਇਹ ਹੈ ਕਿ ਸਭ ਦੇ ਸਭ ਹਉਮੈ, ਮੱਦ, ਕਾਮ ਅਤੇ ਲੋਭ ਦੇ ਮਾਰੇ ਹੋਏ ਹਨ। ਇਹ ਸਾਰੇ ਹੀ ਨਾਮ ਨਿਹਾਦ ਗੁਰੂ, ਬਲੀ ਤੇ ਤਾਕਤਵਰ ਹਨ। ਫਿਰ ਵੀ ਇਹ ਸਭ ਰੋ ਰਹੇ ਹਨ, ਕਿਉਂਕਿ ਇਨ੍ਹਾਂ ਨੇ ਗੁਰੂ ਪਾਸੋਂ "ਗੁਰਪ੍ਰਸਾਦਿ" ਪ੍ਰਾਪਤ ਨਹੀਂ ਕੀਤਾ। "ਗੁਰਪ੍ਰਸਾਦਿ" ਦੀ ਮਹਾਨਤਾ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿੱਚ ਹੀ ਦਰਸਾ ਦਿੱਤੀ ਗਈ ਹੈ। ਗੁਰੂ ਅੰਗਦ ਦੇਵ ਜੀ, ਜਿਨ੍ਹਾਂ ਸਭ ਕੁੱਝ ਤਿਆਗ ਕੇ, ਨਾਮ ਵਸਤੂ ਦੀ ਪ੍ਰਾਪਤੀ ਆਪਣੇ ਮਸਤਕ ਉੱਤੇ, ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਹੱਥ ਰੱਖਣ ਨਾਲ "ਗੁਰਪ੍ਰਸਾਦਿ" ਦੁਆਰਾ ਪ੍ਰਾਪਤ ਕੀਤੀ, ਹੁਕਮ ਕਰਦੇ ਹਨ:-

– ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ॥
ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ॥ (੯੫੪)

ਗੁਰਮਤਿ ਦਾ ਜਪ ਹੈ ਦ੍ਰਿੜ੍ਹਤਾ। ਗੁਰਮਤਿ ਦਾ ਤੱਪ ਹੈ ਘਾਲਣਾ। "ਗੁਰਪ੍ਰਸਾਦਿ" ਦੁਆਰਾ ਜਦੋਂ ਹਿਰਦਾ ਦ੍ਰਿੜ੍ਹ ਹੋ ਕੇ ਘਾਲ ਕਮਾਈ ਕਰਦਾ ਹੈ ਤਾਂ ਅਕਾਲ ਪੁਰਖ ਦੇ ਗੁਹਜ ਦਾ ਬੋਧ ਸਹਿਜ ਸੁਭਾਇ ਹੋ ਜਾਂਦਾ ਹੈ। ਉੱਤੇ ਜਿੰਨੇ ਵਿਅਕਤੀਆਂ ਦਾ ਜ਼ਿਕਰ ਕੀਤਾ ਹੈ, ਸਾਰੇ ਦੇ ਸਾਰੇ ਥਿੜਕੇ ਹੋਏ ਹਨ ਤੇ ਤਿੜਕੇ ਹੋਏ ਹਨ। ਸਾਰੇ ਹੀ ਰੋ ਰਹੇ ਹਨ। ਮਜ਼ੇਦਾਰ ਗੱਲ ਇਹ ਹੈ ਕਿ ਹੁਕਮ ਪਛਾਣਨ ਵਾਲੇ, ਹੁਕਮ ਮੰਨਣ ਵਾਲੇ ਕਦੀ ਰੋਂਦੇ ਨਹੀਂ।

– ਜਿ੍ਨੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ॥(੫੨੩)

ਗੁਰੂ ਪਾਤਸ਼ਾਹ ਫੁਰਮਾਉਂਦੇ ਹਨ ਕਿ ਦ੍ਰਿੜ੍ਹਤਾ ਭਰੀ ਘਾਲਣਾ ਤੋਂ ਇਲਾਵਾ ਬਾਕੀ ਸਭ ਕੁੱਝ ਨਿਕੰਮਾ ਵਾਦ-ਵਿਵਾਦ ਹੈ। ਜਿੰਨ੍ਹਾਂ ਨੇ ਹੁਕਮ ਮੰਨ ਲਿਆ ਹੈ, ਅਸੀਂ ਉਨ੍ਹਾਂ ਨੂੰ ਮੰਨਦੇ ਹਾਂ, ਨਾਲ ਹੀ ਇਹ ਗੱਲ ਭਲੀ ਪ੍ਰਕਾਰ ਸਮਝ ਲਈ ਜਾਏ ਕਿ ਇਸ ਅਵੱਸਥਾ ਦੀ ਪ੍ਰਾਪਤੀ "ਗੁਰਪ੍ਰਸਾਦਿ" ਬਿਨਾਂ ਨਹੀਂ ਹੋ ਸਕਦੀ। "ਗੁਰਪ੍ਰਸਾਦਿ" ਨਾਲ ਭਰਮਾਂ ਦਾ ਨਾਸ ਹੋ ਜਾਂਦਾ ਹੈ। ਭਰਮ, ਭੈਅ ਤੋਂ ਉਪਜਦਾ ਹੈ। ਭਾਉ ਤੋਂ ਧਰਮ ਉਪਜਦਾ ਹੈ। ਭਾਉ ਤੋਂ ਭਗਤੀ ਅਤੇ ਭਗਤੀ ਤੋਂ ਵਿਸ਼ਵਾਸ।

– ਗੁਰ ਪਰਸਾਦਿ ਭਰਮ ਕਾ ਨਾਸੁ॥ ਨਾਨਕ ਤਿਨ ਮਹਿ ਏਹੁ ਬਿਸਾਸੁ॥ (੨੯੪)

ਵਿਸ਼ਵਾਸ ਦੀ ਦ੍ਰਿੜ੍ਹਤਾ, ਜਣੇ ਖਣੇ ਦੀ ਜੀਅ-ਹਜੂਰੀ, ਚਾਪਲੂਸੀ ਅਤੇ ਖ਼ੁਸ਼ਾਮਦੀ ਦਾ ਅੰਤਰ ਕਰ ਦਿੰਦੀ ਹੈ। ਮਨੁੱਖ ਸਵਰਗ ਦੇ ਲਾਲਚ ਵਿੱਚ ਇਸ ਲੋਕ ਅੰਦਰ ਇਤਨੇ ਕਰਮ ਕਾਂਡ ਤੇ ਕੁਕਰਮ ਕਰਦਾ ਹੈ ਕਿ ਇਹ ਦੁਨੀਆਂ ਹੀ ਨਰਕ ਬਣ ਜਾਂਦੀ ਹੈ। ਗੁਰਬਾਣੀ ਵਿੱਚ ਕਬੀਰ ਸਾਹਿਬ ਹੁਕਮ ਕਰਦੇ ਹਨ ਕਿਹੜਾ ਨਰਕ ਤੇ ਕਿਹੋ ਜਿਹਾ ਸਵਰਗ। ਮੈਂ ਤਾਂ ਇਹਦਾ ਵਿਚਾਰ ਹੀ ਛੱਡ ਦਿੱਤਾ ਹੈ। ਇਸ ਭਾਵਨਾ ਨੂੰ ਬਿਲਕੁੱਲ ਰੱਦ ਕਰਕੇ ਉੱਤੇ ਕਾਂਟਾ ਫੇਰ ਦਿੱਤਾ ਹੈ। ਹੁਣ ਮੈਨੂੰ ਕਿਸੇ ਅੱਗੇ ਝੁਕਣ ਦੀ ਜਾਂ ਉਸ ਦੀ ਕਾਣ ਕੱਢਣ ਦੀ ਕੋਈ ਲੋੜ ਹੀ ਨਹੀਂ ਰਹੀ, ਕਿਉਂਕਿ ਮੇਰੇ ਉੱਤੇ ਗੁਰੂ ਦੀ ਕਿਰਪਾ ਹੋ ਗਈ ਹੈ। ਇਹ ਗੱਲ ਤੇ ਸ਼ਕਤੀ "ਗੁਰਪ੍ਰਸਾਦਿ" ਨਾਲ ਹਾਸਲ ਹੋਈ ਹੈ।

– ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥
ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ (੯੬੯)

"ਗੁਰਪ੍ਰਸਾਦਿ" ਦੁਆਰਾ ਭਰਮ ਦਾ ਇਸ ਪ੍ਰਕਾਰ ਨਾਸ ਹੋਇਆ ਕਿ ਹੁਣ ਜੀਅੜਾ ਨਿਰਭਉ ਹੋ ਕੇ ਨਿਰਵੈਰ ਹੋ ਗਿਆ। ਇਤਨੀ ਨਿਰਭੈਤਾ ਤੇ ਸਵੈ-ਨਿਰਮਾਣਤਾ ਪ੍ਰਾਪਤ ਹੋਈ ਕਿ ਹੁਣ ਇੰਜ ਮਹਿਸੂਸ ਹੁੰਦਾ ਹੈ ਕਿ ਜਿਵੇਂ ਸਿੰਘਾਸਨ ਤੇ ਬਿਰਾਜਿਆ ਹੋਇਆ ਹਾਂ ਤੇ ਕਰਤਾ ਪੁਰਖ ਮੇਰੇ ਨਾਲ ਹੈ। ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਅਜੂਨੀ ਸੈਭੰ, ਅਕਾਲ ਪੁਰਖ ਮੇਰੇ ਨਾਲ ਹੈ ਤੇ ਅਕਾਲ ਪੁਰਖ ਨੇ ਮੈਨੂੰ ਆਪਣਾ ਨੇੜਾ ਬਖ਼ਸ਼ ਕੇ, ਆਪਣੇ ਨਾਲ ਤਖ਼ਤ ਤੇ ਬਿਠਾ ਕੇ, ਆਪਣੇ ਜਿਹਾ ਹੀ ਕਰ ਦਿੱਤਾ ਹੈ। ਕਿਤਨਾ ਮਾਣ ਹੈ ਕਬੀਰ ਸਾਹਿਬ ਜੀ ਨੂੰ "ਗੁਰਪ੍ਰਸਾਦਿ" ਉੱਤੇ। ਉਹ ਆਖਦੇ ਹਨ ਕਿ ਹੁਣ ਰਾਮ ਜੀ ਮੇਰੇ ਵਰਗਾ ਹੈ ਤੇ ਮੈਂ ਰਾਮ ਵਰਗਾ। ਹੁਣ ਕੋਈ ਅੰਤਰ ਹੈ ਹੀ ਨਹੀਂ ਤੇ ਨਾ ਹੀ ਕੋਈ ਪਛਾਣ ਸਕਦਾ ਹੈ।

ਇਹ ਮਨ ਚੰਚਲ, ਚਤੁਰਾਈ ਨਾਲ ਬੜਾ ਕੁੱਝ ਪ੍ਰਾਪਤ ਕਰ ਲੈਂਦਾ ਹੈ। ਦੁਨਿਆਵੀ ਸੁੱਖ, ਅਮੋਦ, ਪਰਮੋਦ, ਬਨਿਤਾ ਬਿਨੋਦ ਆਦਿ ਕਿਤਨੇ ਸਾਧਨ ਇਕੱਠੇ ਕਰਦਾ ਹੈ। ਦੁਨਿਆਵੀ ਪ੍ਰਾਪਤੀ ਤੋਂ ਬਾਅਦ ਮਨੁੱਖ ਮਹਿਸੂਸ ਕਰਦਾ ਹੈ ਕਿ ਹੁਣ ਮੇਰੀ ਗੱਲ ਵੀ ਸੰਸਾਰ ਸੁਣੇ ਅਤੇ ਲੋਕੀਂ 'ਹਾਂ' ਵਿੱਚ 'ਹਾਂ' ਮਿਲਾਉਣ। ਇਹ ਸਾਰਾ ਕੁੱਝ ਉਹ ਚਲਾਕੀ ਨਾਲ ਹਾਸਲ ਕੀਤੀ ਦੌਲਤ ਦੁਆਰਾ ਕਰਨਾ ਚਾਹੁੰਦਾ ਹੈ। ਮਨੁੱਖ ਦਾ ਚਿੱਤ ਕਰਦਾ ਹੈ ਕਿ ਮੈਨੂੰ ਸਾਰੇ ਤਜ਼ਰਬੇਕਾਰ, ਸਿਆਣਾ ਅਤੇ ਗੰਭੀਰ ਸ਼ਖ਼ਸੀਅਤ ਵਾਲਾ ਰਹਿ ਕੇ ਸਲਾਹੁਣ ਤੇ ਮੇਰਾ ਮੁੱਖ ਉੱਜਲਾ ਹੋਵੇ।

ਮਨ ਦੀਆਂ ਇੱਛਾਵਾਂ ਨਾਮ ਦੀ ਪ੍ਰਾਪਤੀ ਤੋਂ ਬਿਨਾਂ ਪੂਰੀਆਂ ਹੁੰਦੀਆਂ ਹੀ ਨਹੀਂ। ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਮੈਨੂੰ ਗੁਰੂ ਦੀ ਮਿਹਰ ਦੁਆਰਾ ਨਾਮ ਦੀ ਪ੍ਰਾਪਤੀ ਹੋਈ ਤਾਂ ਮੇਰੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਗਈਆਂ। ਹੁਣ ਮੈਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਉਹ "ਘਟ ਘਟ ਕੇ ਅੰਤਰ ਕੀ" ਜਾਣਨ ਵਾਲਾ ਅੰਤਰਜਾਮੀ ਪ੍ਰਭੂ ਸਦਾ ਮੇਰੇ ਅੰਗ ਸੰਗ ਹੈ। ਉਸਨੂੰ ਘਟਿ ਘਟਿ ਵਿੱਚ ਪਛਾਣ ਲਿਆ ਹੈ। ਇਹ ਉਹੀ ਕਬੀਰ ਸਾਹਿਬ ਵਾਲੀ ਅਵੱਸਥਾ ਹੀ ਹੈ।

– ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ॥
ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ॥
ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ॥ (੪੬)

ਦੁਨਿਆਵੀ ਵੈਭਵ ਦੁਆਰਾ ਮੁੱਖ ਉੱਜਲਾ ਕਰਨ ਵਾਲੇ ਅਤੇ ਨਾਲ ਪ੍ਰਾਪਤੀ ਦੁਆਰਾ ਮੁੱਖ ਉੱਜਲਾ ਕਰਨ ਵਾਲੇ ਦਾ ਵਿਸ਼ੇਸ਼ ਅੰਤਰ ਹੈ। ਗੁਰੂ ਅਰਜਨ ਦੇਵ ਜੀ ਇਸ ਹੁਕਮ ਦੁਆਰਾ ਇਸ ਅੰਤਰ ਨੂੰ ਸਪੱਸ਼ਟ ਕਰਦੇ ਹਨ। ਸੰਸਾਰੀ ਧਨੀ ਪੁਰਸ਼ ਨੇ ਦੁਨਿਆਵੀ ਧਨ ਨਾਲ, ਸ਼ੋਹਰਤ ਕਮਾਕੇ ਮੁੱਖ ਉੱਜਲਾ ਕਰਨ ਦੀ ਕੋਸ਼ਿਸ਼ ਕੀਤੀ। ਹੋਇਆ ਇਹ ਕਿ ਨਹੀਂ, ਇਸ ਸਬੰਧੀ ਸਾਰੀ ਦੁਨੀਆਂ ਜਾਣਦੀ ਹੈ। ਮੁੱਖ ਉੱਜਲਾ "ਗੁਰਪ੍ਰਸਾਦਿ" ਦੁਆਰਾ ਹੋਵੇਗਾ। ਇਸ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ। ਪ੍ਰਸਾਦਿ ਕਰਨ ਵਾਲੇ ਗੁਰੂ ਨੇ ਇਸ ਨੂੰ "ਗੁਰਪ੍ਰਸਾਦਿ" ਦੇ ਨਾਲ ਹੀ ਅੰਕਿਤ ਕਰ ਦਿੱਤਾ, "ਜਪ ਨਾਮ ਦਾਨ ਇਸਨਾਨ"। ਆਮ ਕਰਕੇ ਜੋ ਅਰਥ ਗੁਰਮਤਿ ਤੋਂ ਪਹਿਲਾਂ ਕੀਤੇ ਜਾ ਰਹੇ ਹਨ, ਉਨ੍ਹਾਂ ਅਨੁਸਾਰ "ਜਪੁ" ਰਟਨਾ ਤੇ ਦੁਹਰਾਉਣਾ ਹੈ। ਨਾਮ ਵੀ ਰਟਨ ਤੇ ਦੁਹਰਾਉਣ ਵਰਗੀ ਹੀ ਕਿਰਿਆ ਬਣਾਈ ਹੋਈ ਸੀ। ਦਾਨ-ਬ੍ਰਾਹਮਣ ਨੂੰ ਪੈਸੇ ਦੇਣੇ, ਧਨ ਦੌਲਤ ਆਦਿ ਵਸਤਾਂ ਦੇਣੀਆਂ, ਇਸ਼ਨਾਨ-ਤੀਰਥਾਂ ਤੇ ਨਦੀਆਂ ਆਦਿ ਵਿੱਚ ਨਹਾਉਣਾ, ਗੁਰਮਤਿ ਨੇ ਅਜਿਹਾ ਬਿਲਕੁੱਲ ਨਹੀਂ ਮੰਨਿਆ।

"ਗੁਰਪ੍ਰਸਾਦਿ" ਦੁਆਰਾ ਸਾਨੂੰ ਕ੍ਰਾਂਤੀਕਾਰੀ ਗੁਰਬਾਣੀ ਤੇ ਗੁਰਮਤਿ ਦੀ ਜੀਵਨ-ਵਿਧੀ ਤੋਂ ਸੱਚੀ ਅਤੇ ਅਤਿ ਉੱਤਮ ਜੀਵਨ ਵਿਧੀ ਪ੍ਰਾਪਤ ਹੋਈ ਤੇ ਸਾਡਾ ਮੁੱਖ ਉੱਜਲਾ ਹੋ ਗਿਆ। ਜਪੁ ਹੈ, ਇਸ ਭਾਵਨਾ ਨੂੰ ਦ੍ਰਿੜ੍ਹ ਕਰ ਲਿਆ ਜਾਵੇ ਜੋ ਗੁਰੂ ਦੇ ਹੁਕਮ ਹਨ। ਨਾਮ ਹੈ, ਸਾਡੇ ਵਾਹਿਗੁਰੂ ਨਾਲ ਸੰਬੰਧ। ਦਾਨ ਹੈ, ਸਾਡੇ ਸਮਾਜ ਨਾਲ ਸੰਬੰਧ। ਇਸ਼ਨਾਨ ਹੈ, ਸਾਡੇ ਆਪਣੇ ਆਪ ਨਾਲ ਸੰਬੰਧ; ਭਾਵ ਇਹ ਕਿ "ਗੁਰਪ੍ਰਸਾਦਿ" ਵਾਲਾ ਸਿੱਖ। ਵਾਹਿਗੁਰੂ ਪ੍ਰਤੀ ਆਪਣੇ ਸਮਾਜ ਤੇ ਆਪਣੇ ਆਲੇ ਦੁਆਲੇ ਪ੍ਰਤੀ, ਵਿਸ਼ੇਸ਼ ਕਰਕੇ ਆਪਣੇ ਆਪ ਪ੍ਰਤੀ ਪੂਰੀ ਤਰ੍ਹਾਂ ਈਮਾਨਦਾਰੀ ਨਾਲ ਕਾਰਜ ਕਰੋ। ਜਦੋਂ ਇਹ ਗੱਲਾਂ ਦ੍ਰਿੜ੍ਹ ਹੋ ਜਾਣਗੀਆਂ ਤਾਂ ਸਮਝੋ "ਜਪੁ" ਕੀਤਾ ਜਾ ਰਿਹਾ ਹੈ। ਕਾਮ, ਕ੍ਰੋਧ, ਲੋਭ, ਆਦਿ ਸਭ ਬਿਨਸ ਗਏ। ਅਭਿਮਾਨ ਖ਼ਤਮ ਹੋ ਗਿਆ ਅਤੇ ਵਾਹਿਗੁਰੂ ਦੀ ਪ੍ਰਾਪਤੀ ਹੋ ਗਈ। ਇਹ ਸਭ ਕੁੱਝ "ਗੁਰਪ੍ਰਸਾਦਿ" ਦੁਆਰਾ ਹੀ ਹੋਇਆ।